# ਗੁਰਮਤਿ ਸੰਗੀਤ : ਰਬਾਬੀ ਭਾਈ ਮਰਦਾਨਾ ਦੇ ਸੰਦਰਭ ਵਿਚ

**ਗੁਰਪ੍ਰੀਤ ਸਿੰਘ**
ਸਹਾਇਕ ਪ੍ਰੋਫੈਸਰ (ਸੰਗੀਤ ਵਾਦਨ)

ਸਰਕਾਰੀ ਕਾਲਜ ਰੋਪੜ

ਵਿਸ਼ਵ ਵਿੱਚ ਭਾਰਤੀ ਸੰਗੀਤ ਆਪਣੀ ਵਿਲੱਖਣ ਅਤੇ ਗੋਰਵਸ਼ਾਲੀ ਪਰੰਪਰਾ ਕਾਰਨ ਮਾਣ ਮੱਤਾ ਸਥਾਨ ਰੱਖਦਾ ਹੈ । ਇਸ ਪਰੰਪਰਾ ਨੂੰ ਸਮ੍ਰਿਧਸਮਰੱਥ ਅਤੇ ਸ਼ਕਤੀ ਸ਼ਾਲੀ ਬਣਾਉਣ ਵਾਲੇ ਸਹਾਇਕ ਸਰੋਤ , ਜਾਂ ਇਸ ਦੇ ਸਮਾਨੰਤਰ ਚੱਲਣ ਵਾਲੀਆਂ ਸੰਗੀਤ ਪੰਰਪਰਾਵਾਂ ਵਿਚੋਂ ਲੋਕ ਸੰਗੀਤ ਅਤੇ ਧਾਰਮਿਕ ਪਰੰਪਰਾਵਾਂ ਦਾ ਵੀ ਇਸਦੇ ਵਿਕਾਸ ਅਤੇ ਪ੍ਰਚਾਰ ਵਿਚ ਵਡਮੁਲਾ ਯੋਗਦਾਨ ਰਿਹਾ ਹੈ । ਸੰਗੀਤ ਅਤੇ ਧਰਮ ਦਾ ਆਰੰਭ ਤੋਂ ਹੀ ਅਨਿਖੜ ਅੰਤਰੀਵੀ ਸੰਬੰਧ ਰਿਹਾ ਹੈ । ਇਸ ਦੇ ਪ੍ਰਮਾਣ ਭਾਰਤੀ ਇਤਿਹਾਸ ਤੋਂ ਮਿਲ ਜਾਂਦੇ ਹਨ । ਵੈਦਿਕ ਕਾਲ ਤੋਂ ਹੀ ਸੰਗੀਤ ਰੀਤੀਯੱਗ ਆਦਿ ,ਹਵਨ ,ਦੈਵੀ ਪੂਜਾ ,ਰਿਵਾਜ-ਧਾਰਮਿਕ ਕਰਮ ਕਾਂਡ ਦਾ ਇਕ ਹਿਸਾ ਰਿਹਾ ਹੈ । ਭਾਰਤੀ ਪਰੰਪਰਾ ਵਿਚ ਸੰਗੀਤ ਨੂੰ ਆਧਿਆਤਮਕ ਚੇਤਨਾ ਤੇ ਅਨੁਭਵ ਦਾ ਸ਼ਕਤੀਸ਼ਾਲੀ ਮਾਧਿਅਮ ਵੀ ਮੰਨਿਆ ਜਾਂਦਾ ਹੈ ।

ਮੱਧ ਕਾਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਤੇ ਸਮੁੱਚੀ ਮਾਨਵਤਾ ਦਾ ਕਲਿਆਣ ਕਰਨ ਲਈ ਦੇਸ਼ਦੇਸ਼ਾਂਤਰਾਂ ਦੀ ਯਾਤਰਾ ਕੀਤੀ- । ਸੰਗੀਤ, ਸਾਹਿਤਕਲਾ ,ਭਾਸ਼ਾ ,, ਸੰਸਕ੍ਰਿਤੀ ਅਤੇ ਧਾਰਮਿਕ ਮਨੌਂਤਾ ਦੇ ਸਬੰਧ ਵਿਚ ਉਨ੍ਹਾਂ ਦੁਆਰਾ ਲਿਆਂਦੇ ਗਏ ਇਸ ਕ੍ਰਾਂਤੀਕਾਰੀ ਪਰਿਵਰਤਨ ਨੇ ਭਾਰਤੀ ਧਰਮਸੰਸਕ੍ਰਿਤੀ ਅਤੇ ਸੰਗੀਤ ਦੀ ਨਵੇਂ ਸਿਰਿਓਂ ਕਾਇਆ ਕਲਪ ਕਰ ਦਿਤੀ , ।[1]

ਗੁਰੂ ਸਾਹਿਬ ਦੁਆਰਾ ਸ਼ਬਦਕੀਰਤਨ ਦੀ ਪੰਰਪਰਾ ਸ਼ੁਰੂ ਕੀਤੀ ਗਈ ਜਿਸ ਵਿੱਚ ਬਾਣੀ ਅਤੇ -ਭਗਤੀ ਨਾਲ ਜੋੜਿਆ ਗਿਆ-ਸੰਗੀਤ ਦੇ ਅਦਭੁਤ ਸੰਗਮਾਂ ਦੁਆਰਾ ਮਾਨਵੀ ਹਿਰਦੇ ਨੂੰ ਪ੍ਰਭੂ । ਇਹ ਪੰਰਪਰਾ ਭਾਰਤੀ ਸ਼ਾਸਤਰੀ ਸੰਗੀਤ ਤੇ ਹੀ ਆਧਾਰਿਤ ਸੀ ਪਰ ਗੁਰੂ ਸਾਹਿਬ ਨੇ ਸ਼ਬਦ (ਬਾਣੀ) ਅਤੇ ਸੰਗੀਤ ਦਾ ਅਜਿਹਾ ਰੂਹਾਨੀ ਸੁਮੇਲ ਕਰਵਾਇਆ ਜਿਸ ਨਾਲ ਇਕ ਮੌਲਿਕ ਸੰਗੀਤ ਸ਼ੈਲੀ ਗੁਰਮਤਿ ' ਸੰਗੀਤ ਦਾ ਜਨਮ ਹੋਇਆ ।

ਇਸ ਤਰ੍ਹਾਂ ਗੁਰੂ ਦੀ ਮਤਿ ਦਾ ਸੰਗੀਤ ਦੁਆਰਾ ਗਾਇਨ ।'ਗੁਰੂ ਦੀ ਮਤਿ' ਭਾਵ 'ਗੁਰਮਤਿ' ਕਰਨਾ 'ਗੁਰਮਤਿ ਸੰਗੀਤ'ਅਖਵਾਉਂਦਾ ਹੈ । ਇਹ ਗੁਰੂ ਸਾਹਿਬ ਦੁਆਰਾ ਪ੍ਰਦਾਨ ਕੀਤੇ ਗਏ ਮਤਿ ਜਾਂ ਸਿਧਾਂਤ ਤੋਂ ਸਿਰਜਿਆ ਸੰਗੀਤ ਹੈ । ਦਾ ਆਧਾਰ ਗੁਰਬਾਣੀ ਹੈ ਅਤੇ ਸੰਗੀਤ ਦੇ ਸੁਮੇਲ ਨਾਲ 'ਗੁਰਮਤਿ' ਇਹ ਹੋਰ ਵਧੇਰੇ ਪ੍ਰਭਾਵਸ਼ਾਲੀ ਅਤੇ ਅਸਰਦਾਰ ਬਣ ਜਾਂਦਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੋਰ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਹੀ ਨਹੀਂ ਕੀਤੀ ਸਗੋਂ ਇਸਨੂੰ ਸਗਲ ਜਹਾਨੈ ਦੇ ਉਦੇਸ਼ ਨਾਲ ਸਰਬ ਲੋਕਾਈ ਤੱਕ ਸੰਚਾਰਿਤ ਕਰਨ ਲਈ ਇਕ ਤਰਤੀਬ ਦੀ ਵੀ ਸਿਰਜਣਾ ਕੀਤੀ ਜਿਸਦੀ ਕੇਂਦਰੀ ਜੁਗਤ ਸ਼ਬਦ ਕੀਰਤਨ ਸੀ । ਗੁਰੂ ਨਾਨਕ ਸਾਹਿਬ ਕੀਰਤਨ ਦੇ ਮਹੱਤਵ ਬਾਰੇ ਫਰਮਾਉਂਦੇ ਹਨ ਯ

ਜੋ ਜੋ ਕਥੈ ਸੁਨੇ ਹਰਿ ਕੀਰਤਨੁ

ਤਾ ਕੀ ਦੁਰਮਤਿ ਨਾਮ ।।
ਸਗਲ ਮਨੋਰਥ ਪਾਵੈ ਨਾਨਕ
ਪੂਰਨ ਹੋਵੈ ਆਸ ।।੨।।੧।।੧੨।।[2]
ਜੋ ਜਨੁ ਕਰੈ ਕੀਰਤਨੁ ਗੋਪਾਲ ।।
ਤਿਸ ਕਉ ਪੋਹਿ ਨ ਸਕੈ ਜਮਕਾਲ ।।[3]
ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ।
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ।।੨।।[4]

ਰਬਾਬੀ ਭਾਈ ਮਰਦਾਨਾ ਕਲਜੁਗ ਵਿਚ ਕੀਰਤਨ ਦੀ ਪ੍ਰਧਾਨਤਾ ਹੈ । ਵਡਭਾਗੇ ਹਨ ਉਹ ਗੁਰਮੁਖ ਪਿਆਰੇ ਜਿਹਨਾਂ ਨੂੰ ਗੁਰੂ ਸਾਹਿਬਾਨ ਨੇ ਕੀਰਤਨ ਦੀ ਦਾਤ ਤੇ ਪਰਮਾਤਮਾ ਦੇ ਗੁਣ ਗਾਇਨ ਕਰਨ ਦੀ ਸੇਵਾ ਬਖ਼ਸ਼ੀ ਹੈ । ਗੁਰੂ ਘਰ ਅਜਿਹੇ ਕਿਤਨੇ ਹੀ ਕੀਰਤਨਕਾਰ ਹੋਏ ਹਨ ਜਿਹਨਾਂ ਨੇ ਤਨੋਮਨੋ - ਸਮਰਪਿਤ ਹੋ ਕੇ ਗੁਰਬਾਣੀ ਕੀਰਤਨ ਦੀ ਪਰੰਪਰਾ ਵਿਚ ਆਪਣੀ ਸੇਵਾ ਨਿਭਾਈ । ਸ੍ਰੀ ਗੁਰੂ ਨਾਨਕ ਸਾਹਿਬ ਦੇ ਸਾਜੇ ਨਿਵਾਜੇ ਭਾਈ ਮਰਦਾਨਾ ਅਜਿਹੇ ਹੀ ਇਕ ਸੱਚੇਸੁੱਚੇ ਕੀਰਤਨਕਾਰ ਹੋਏ ਹਨ ਜਿਹਨਾਂ ਨੇ - ਆਪਣੀ ਪੂਰੀ ਜ਼ਿੰਦਗੀ ਗੁਰੂ ਸਾਹਿਬ ਨਾਲ ਸੰਗਤ ਦੇ ਰੂਪ ਵਿਚ ਬਤੀਤ ਕੀਤੀ । ਗੁਰੂ ਨਾਨਕ ਜੀ ਨੇ ਗੁਰਮਤਿ ਸੰਗੀਤ ਦਾ ਆਗਾਜ ਇਲਾਹੀ ਬਾਣੀ ਦੇ ਅਵਤਰਣ ਸਮੇਂ ਭਾਈ ਮਰਦਾਨਾ ਦੇ ਰਬਾਬ ਦੀ ਮਧੁਰ ਝਣਕਾਰ ਨਾਲ ਕੀਤਾ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਭਾਈ ਮਰਦਾਨਾ ਲੱਖੋ ਦੇ ਉਦਰ ਤੋਂ ਬਾਦਰੇ ਮਿਰਾਸੀ ਦਾ ਪੁੱਤਰ ਸੀ ਜੋ ਸੰਮਤ ਵਿੱਚ ਤਲਵੰਡੀ ਜਨਮਿਆ ।[5] 1516 ਖਾਨਦਾਨੀ ਮਿਰਾਸੀ ਹੋਣ ਕਾਰਨ ਗਾਇਨ ਪ੍ਰਤੀ ਮੋਹ ਆਪ ਨੂੰ ਸੰਸਕਾਰ ਰੂਪ ਵਿਚ ਪ੍ਰਾਪਤ ਹੋਇਆ ।

ਲੋਕਾਈ ਸੋਧਣ ਲਈ ਜਦੋਂ ਗੁਰੂ ਨਾਨਕ ਦੇਵ ਜੀ ਨੇ ਵਿਭਿੰਨ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਧਾਰੀਆਂ ਤਾਂ ਆਪ ਨੇ ਭਾਈ ਮਰਦਾਨਾ ਨੂੰ ਆਪਣਾ ਸਾਥੀ ਚੁਣਿਆ । ਗੁਰੂ ਨਾਨਕ ਜਦੋਂ ਧੁਰੋਂ ਆਈ ਬਾਣੀ ਦਾ ਆਨੰਦ ਆਲਾਪ ਰਾਗਾਂ ਰਾਹੀਂ ਕਰਦੇ ਤਾਂ ਭਾਈ ਮਰਦਾਨਾ ਰਬਾਬ ਉਤੇ ਉਹਨਾਂ ਦੀ ਸੰਗਤ ਕਰਦਾ ।[6] ਭਾਈ ਗੁਰਦਾਸ ਇਸ ਬਾਰੇ ਲਿਖਦੇ ਹਨ ਯ

''ਫਿਰ ਬਾਬਾ ਗਇਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ ।
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ ।
ਦਿਤੀ ਬਾਂਗਿ ਨਿਵਾਜਿ ਕਰ ਸੁੰਨਿ ਸਮਾਨਿ ਹੋਆ ਜਹਾਨਾ ।"[7]

ਗੁਰੂ ਨਾਨਕ ਦੇਵ ਨੇ ਭਾਈ ਮਰਦਾਨਾ ਨੂੰ ਆਪਣਾ ਸੰਗੀ ਚੁਣਨ ਸਮੇਂ ਗਾਇਨ ਦੇ ਨਾਲ ਨਾਲ ਉਸਦੀ ਵਾਦਨ ਕਲਾ ਨੂੰ ਵੀ ਆਪਣੀ ਮਿਹਰ ਦਾ ਪਾਤਰ ਬਣਾਇਆ ਅਤੇ ਭੈਰੋਆਣਾ ਦੇ ਭਾਈ ਫਿਰੰਦਾ (ਭਾਈ ਫੈਰੂ ) ਕੋਲੋਂ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾਇਆ ।[8] ਉਦਾਸੀਆਂ ਸਮੇਂ ਗੁਰੂ ਸਾਹਿਬ ਜਿਨ੍ਹਾਂਜਿਨ੍ਹਾਂ ਖਾਵੀ ਪੈਂਡਿਆਂ ਤੇ ਗਏ ਉਦੋਂ ਉਹਨਾਂ ਨਾਲ ਭਾਈ ਮਰਦਾਨਾ ਵੀ ਸਨ ਜਿਸ ਦੁਆਰਾ ਸਿਰਜਿਆ ਸੰਗੀਤ ਅਤੇ ਪ੍ਰਸਥਿਤੀਆਂ ਲੋਕਾਂ ਨੂੰ ਉਪਦੇਸ਼ ਦੇਣ ਵਿਚ ਸਹਾਈ ਹੋਈਆਂ । ਗੁਰੂ ਨਾਨਕ ਦੇਵ ਜੀ ਦਾ ਬਾਣੀ ਅਵਰਤਣ ਦਾ ਇਸ ਬ੍ਰਹਿਮੰਡੀ ਜਗਤ ਵਿੱਚ ਪ੍ਰਵੇਸ਼ ਦਾ ਵਿਸ਼ਿਸ਼ਟ ਮਾਧਿਅਮ ਸੰਗੀਤ ਹੀ ਸੀ । ਪੁਰਾਤਨ ਜਨਮਸਾਖੀ ਵਿੱਚ ਗੁਰੂ ਸਾਹਿਬ ਮਰਦਾਨੇ ਨੂੰ ਕਹਿੰਦੇ ਹਨ ਯ

ਤਉ ਬਾਝਹੁ ,ਮਰਦਾਨਿਆ ਸਬਦ ਚਿਤਿ ਕਰਿ"
ਬਾਣੀ ਸਹਿ ਨਹੀ ਆਵਦੀ"ਮਰਦਾਨਿਆ ਰਬਾਬ ਵਜਾਇ । ,[9]

ਭਾਈ ਮਰਦਾਨੇ ਨੂੰ ਰਬਾਬ ਵਜਾਉਣ ਵਿੱਚ ਕਮਾਲ ਹਾਸਿਲ ਸੀ । ਉਸ ਵਿਚ ਇਕ ਖਾਸ ਖਿੱਚ , ਵਿਸਮਾਦੀ ਰੰਗ ਅਤੇ ਕਹਿਰਾਂ ਦਾ ਸੋਜ਼ ਸੀ। ਭਾਈ ਗੁਰਦਾਸ ਇਸ ਬਾਰੇ ਲਿਖਦੇ ਹਨ ਯ

"ਮਜਲਸ ਮਰਦਾਨਾ ਮੀਰਾਸੀ । ,ਭਲਾ ਰਬਾਬ ਵਜਾਇੰਦਾ "[10]

ਰਬਾਬ ਮਧੁਰ ,ਗਹਿਰ ,ਗੰਭੀਰ ਨਾਦ ਪੈਦਾ ਕਰਨ ਵਾਲਾ ਇਕ ਤੰਤੀ ਸਾਜ਼ ਹੈ । ਗੁਰੂ ਨਾਨਕ ਸਾਹਿਬ ਦੀ ਸੋਜ਼ ਭਰੀ ਆਵਾਜ ਦੇ ਨਾਲ ਭਾਈ ਮਰਦਾਨੇ ਦਾ ਰਬਾਬ ਤੇ ਸੰਗਤ ਇਕ ਅਨੂਠਾ ਵਾਤਾਵਰਣ ਪੈਦਾ ਕਰ ਦਿੰਦਾ ਸੀ । ਗੁਰੂ ਨਾਨਕ ਆਖਦੇ ਰਬਾਬ ਛੇੜ੍ਹ ਬਾਣੀ ਆਈ ਹੈ 'ਮਰਦਾਨਿਆ' । ਮਰਦਾਨਾ ਰਬਾਬ ਛੇੜ੍ਹਦਾ ਗੁਰੂ ਨਾਨਕ ਲੋਕ ਇਕੱਤਰ ਹੁੰਦੇ ਅਤੇ ਗੁਰੂ ਨਾਨਕ , ਦਾ ਗਾਇਨ ਕਰਦੇ 'ਧੁਰ ਕੀ ਬਾਣੀ' ਉਪਦੇਸ਼ ਦਿੰਦੇ ।[11]

ਅਸਧਾਰਣ ਪ੍ਰਤਿਭਾ ਵਾਲੇ ਭਾਈ ਮਰਦਾਨੇ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਸਿੱਖ ਇਤਿਹਾਸ ਤੋਂ ਭਲ਼ੀਭਾਂਤ ਲੱਗ ਜਾਂਦਾ ਹੈ । ਵਿਸ਼ੇਸ਼ ਗੱਲ ਇਹ ਹੈ ਕਿ ਮਰਦਾਨਾ ਹੀ ਬਾਣੀ ਦਾ ਪ੍ਰਥਮ ਸਰੋਤਾ ਹੈ ਤੇ ਪ੍ਰਥਮ ਵਾਦਕ ਹੈ । ਆਪ ਵੱਖਵੱਖ ਉਦਾਸੀਆਂ ਸਮੇਂ ਗੁਰੂ ਸਾਹਿਬ ਦੇ ਨਾਲ ਹੀ ਨਹੀਂ ਰਹੇ ਸਗੋਂ ਆਪ ਨੇ - ਸਾਧਾਰਣ ਮਨੁੱਖ ਅਤੇ ਜਿਗਿਆਸੂ ਵਜੋਂ ਸਿੱਖ ਧਰਮ ਦੀ ਸਥਾਪਨਾ ਤੇ ਪ੍ਰਸਾਰ ਵਿਚ ਵੀ ਵਿਸ਼ੇਸ਼ ਭੂਮੀਕਾ ਨਿਭਾਈ ।

ਭਾਈ ਮਰਦਾਨਾ ਗੁਰੂ ਨਾਨਕ ਸਾਹਿਬ ਨਾਲ ਉਸੇ ਤਰ੍ਹਾਂ ਇੱਕ ਰੂਪ ਸੀ ਜਿਵੇਂ ਗੁਰਬਾਣੀ ਵਿਚ ਸ਼ਬਦ ਅਤੇ ਸੰਗੀਤ ਇਕਮਿਕ ਹਨ । ਗੁਰੂ ਸਾਹਿਬ ਨੇ ਹੀ ਮਰਦਾਨੇ ਨੂੰ ਦੀ ਉਪਾਧੀ ਦਿਤੀ 'ਭਾਈ' । ਗੁਰੂ ਸਾਹਿਬ ਮਰਦਾਨੇ ਨੂੰ ਇਹੋ ,ਕਹਿ ਕੇ ਬੁਲਾਉਂਦੇ ਸਨ 'ਭਾਈ ਮਰਦਾਨਾ'ਕਾਰਨ ਹੈ ਕਿ ਰਬਾਬੀ ਕੀਰਤਨਕਾਰਾਂ ਲਈ ਸ਼ਬਦ ਸਤਿਕਾਰ ਵਜੋਂ ਵਰਤਿਆ ਜਾਂਦਾ ਹੈ 'ਭਾਈ' ।[12]

ਭਾਈ ਮਰਦਾਨਾ ਨੇ ਗੁਰੂ ਨਾਨਕ ਸਾਹਿਬ ਦਾ ਜੀਵਨ ਭਰ ਸਾਥ ਨਿਭਾਇਆ । ਮਰਦਾਨਾ ਅਤੇ ਉਸਦਾ ਲੜਕਾ ਸਹਿਜ਼ਾਦ ਸਵੇਰੇ ਅਤੇ ਸ਼ਾਮ ਨੂੰ ਸੋਦਰ ਦੇ ਦੀਵਾਨ ਵਿਚ ਸ਼ਾਮਿਲ ਹੁੰਦੇ 'ਆਸਾ ਦੀ ਵਾਰ' ਸਨ ।[13] ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨੇ ਦਾ ਸੰਨੇਹ ਏਨਾ ਗਹਿਰਾ ਸੀ ਕਿ ਗੁਰੂ ਸਾਹਿਬ ਨੇ ਆਪ ਨੂੰ ਬਖਸ਼ਿਸ਼ ਕਰਦਿਆ ਕਿਹਾ ਸੀ

ਉਥੇ ਮੇਰਾ ਵਾਸਾ ,ਜਿਥੇ ਤੇਰਾ ਵਾਸਾ ! ਮਰਦਾਨਿਆ" । "[14]

ਭਾਈ ਮਰਦਾਨਾ ਦੇ ਅਕਾਲ ਚਲਾਣਾ ਕਰਨ ਬਾਰੇ ਇਤਿਹਾਸਕਾਰਾਂ ਵਿੱਚ ਕੁੱਝ ਮਤਭੇਦ ਹਨ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹਨਾਂ ਦਾ ਦੇਹਾਂਤ ਨੂੰ ਅਫ਼ਗਾਨਿਸਤਾ 1599 ਮੱਘਰ ਸੰਮਤ 13ਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿਚ ਹੋਇਆ । ਜਿਥੇ ਗੁਰੂ ਸਾਹਿਬ ਨੇ ਇਹਨਾਂ ਦਾ ਸੰਸਕਾਰ ਆਪਣੇ ਹੱਥੀ ਕੀਤਾ ।[15] ਗੁਰੂ ਸਾਹਿਬ ਨੇ ਮਰਦਾਨਾ ਦੇ ਵਿਛੋੜੇ ਨੂੰ ਕਿਵੇਂ ਮਹਿਸੂਸ ਕੀਤਾ, ਕੌਣ ਦੱਸ ਸਕਦਾ ਹੈ ਪਰ ਅਨੁਭਵ ਨਾਲ ਕਿਹਾ ਜਾ ਸਕਦਾ ਹੈ ਕਿ ਭਾਈ ਮਰਦਾਨਾ ਦੀ ਦੇਹ ਨਿਰਜਿੰਦ ਪਈ ਹੈ ਕੋਲ ਰਬਾਬ ਹੈ ਤੇ ਗੁਰੂ ਸਾਹਿਬ ਕਹਿ ਰਹੇ ਹਨ ਯ[16]

ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ।।" [16]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ ਹੇਠ ਦੋ ਸਲੋਕ 'ਲੋਕ ਮਰਦਾਨਾ' 'ਵਾਰ ਬਿਹਾਗੜਾ' ਅੰਕਿਤ ਹਨ –

ਸਲੋਕੁ ਮਰਦਾਨਾ ੧।।

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ।।
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ।।
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ।।
ਕਰਣੀ ਲਾਹਣਿ ਸਤੁ ਗੁੜੁ ਸਚੁ ਸਾਰਾ ਕਰਿ ਸਾਰੁ ।।
ਗੁਣ ਮੰਡੇ ਕਰਿ ਸੀਲੁ ਘਿਉ ਸਰਮ ਮਾਸੁ ਆਹਾਰੁ ।।
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ।।੧।।[18]

ਮਰਦਾਨਾ ੧ ।।

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ।।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ।।
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ।।
ਗਿਆਨ ਗੁੜੁ ਸਾਲਾਹ ਮੰਡੇ ਭਉ ਮਾਸ ਆਹਾਰੁ ।।
ਨਾਨਕ ਇਹੁ ਭੋਜਨੁ ਸਚ ਹੈ ਸਚੁ ਨਾਮੁ ਆਧਾਰੁ ।।੨।।
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ।।
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ
ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ।।੩।। [19]

ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਭਾਈ ਮਰਦਾਨਾ ਦੇ ਵੰਸ਼ ਵਿਚੋਂ ਭਾਈ ਸੱਤਾ ਅਤੇ ਬਲਵੰਡ ਕੀਰਤਨ ਕਰਦੇ ਰਹੇ । ਭਾਈ ਗੁਰਦਾਸ ਉਸ ਸਮੇਂ ਕੀਰਤਨ ਸੰਗਤ ਲਈ ਰਬਾਬ ਦਾ ਉਲੇਖ ਕਰਦੇ ਹੋਏ ਲਿਖਦੇ ਹਨ :

ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ"।"[20]

ਭਾਈ ਮਰਦਾਨਾ ਦੀ ਮਿਹਨਤ, ਲਗਨ, ਗੁਰੂ ਪ੍ਰਤਿ ਸੱਚੀ ਸ਼ਰਧਾ ਅਤੇ ਪ੍ਰੇਮ ਸਦਕਾ ਗੁਰੂ ਘਰ ਵਿਚ ਰਬਾਬੀਆਂ ਦੀ ਇਕ ਖ਼ਾਸ ਜਗ੍ਹਾ ਬਣ ਗਈ । ਮਰਦਾਨਾ ਰਬਾਬ ਰੂਪ ਹੋ ਕੇ ਵੱਜ ਗਿਆ । ਮਰਦਾਨੇ ਦਾ ਰਬਾਬ ਇਕ ਵਿਸ਼ੇਸ਼ ਧੁਨ ਦਾ ਸੀ । ਇਹ ਧੁਨ ਅਨਹਦ ਦੀ ਗਤੀ ਨਾਲ ਸੁਰ ਅਭੇਦ ਹੋ ਕੇ ਵੱਜਦਾ ਸੀ, ਨਾ ਕਿ ਸਗੋਂ ਅਨਹਦ ਸ਼ਬਦ ਹੀ ਇਸ ਰਬਾਬ ਨੂੰ ਵਜਾਉਣਹਾਰ ਸੀ ਯ

ਰਬਾਬੁ ਪਖਾਵਜ ਤਾਲ ਘੁੰਘਰੂ ।।
ਅਨਹਦ ਸਬਦੁ ਵਜਾਵੈ ।। ੧।। [21]

ਡਾਬਲਵੀਰ ਸਿੰਘ ਦੇ ਸਬਦਾਂ ਵਿਚ ਭਾਈ ਮਰਦਾਨਾ ਸੰਕੇਤ ਹੈ ਉਸ ਹੁਨਰ ਦਾ ਜਿਸ ਨੇ . ਕਲਯੁਗ ਉੱਤੇ ਫ਼ਤਿਹ ਪਾਉਣੀ ਹੈ ਉਹ ਪਹਿਲਾ ਆਦਮੀ ਸੀ ਜਿਸ ਦਾ ਮਨ ਗੁਰੂ ਨੇ ਸਵਰ ਬ੍ਰਹਮ ਨਾਲ ਵਿਭੂਸ਼ਤ ਕਰ ਦਿਤਾ ਸੀ। ਮਰਦਾਨਾ ਸੇਵਕ ਸੀਰਬਾਬੀ ਸੀ ਪਰ ਜੋ ਕੁਝ ,ਰਾਗੀ ਸੀ ,ਚੇਲਾ ਸੀ ,ਸਿੱਖ ਸੀ , ਵੀ ਸੀ ਉਹ ਇਸ ਗੱਲ ਦਾ ਮਾਣ ਜ਼ਰੂਰ ਰਖਦਾ ਸੀ ਕਿ ਗੁਰ

**ਹਵਾਲੇ** –

1। ਤਾਰਾ ਸਿੰਘ (ਸਵਯ ਪ੍ਰੋ.), ਗੁਰਬਾਣੀ ਸੰਗੀਤ ਅਤੇ ਭਾਰਤੀ ਸੰਗੀਤ ਦਾ ਤੁਲਨਾਤਮਿਕ ਅਧਿਐਨ , ਸਮਾਜਕ ਵਿਗਿਆਨ ਪੱਤਰ(ਗੁਰਮਤਿ ਸੰਗੀਤ ਵਿਸ਼ੇਸ਼ ਅੰਕ), ਅੰਕ51-, ਪੰਨ੍1।

2। ਆਦਿ ਗ੍ਰੰਥ ਸਾਹਿਬ, ਕਾਨੜਾਮਹਲਾ , ਯ ,5 ਪੰਨਾ1300।

3। ਉਹੀ, ਗੋਂਡਮਹਲਾ , ਯ5 , ਪੰਨਾ866।

4। ਉਹੀ ਮਹਲਾ , ਗਉੜੀ ,ਯ5 , ਪੰਨਾ.190

5। ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਦਰ ਮਹਾਨ ਕੋਸ਼, ਪੰਨਾ.954

6। ਤਾਰਾ ਸਿੰਘ (ਪ੍ਰੋ।) ਅਤੇ ਸੁਰਜੀਤ ਕੌਰਪੰਨਾ ,ਵਾਦਨ ਕਲਾ ,232।

7। ਵਾਰਾਂ ਭਾਈ ਗੁਰਦਾਸ ਵਾਰ ,ਯ ਪਹਿਲੀ34ਵੀਂ ਪਉੜੀ ,।

8। ਕਾਨ੍ਹ ਸਿੰਘ ਨਾਭਾ( ਭਾਈ)816-ਪੰਨਾ ,ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ , ।

9। ਪੁਰਾਤਨ ਜਨਮ ਸਾਖੀ (ਸੰਪਾ।) ਸ਼ਮਸ਼ੇਰ ਸਿੰਘ71-ਪੰਨਾ ,ਅਸ਼ੋਕ ,।

10। ਵਾਰਾਂ ਭਈ ਗੁਰਦਾਸਵਾਰ , ਯ13ਵੀਂ ਪਉੜੀ ,11ਵੀਂ ।

11। ਯੋਗੇਂਦਰ ਪਾਲ ਸ਼ਰਮਾ ਅਤੇ ਬਚਿੱਤਰ ਸਿੰਘ ਭਾਰਤੀ ਸੰਗੀਤ ਦਾ ਇਤਿਹਾਸ174-ਪੰਨਾ ,।

12। ਤਾਰਾ ਸਿੰਘ (ਪ੍ਰੋ।) ਅਤੇ ਸੁਰਜੀਤ ਕੌਰ234-ਪੰਨਾ ,ਵਾਦਨ ਕਲਾ ,।

13। ਉਹੀ, ਪੰਨਾ235।

14। ਹਰਜਸ ਕੌਰ (ਡਾ।), ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ, ਪੰਨਾ43-।

15। ਕਾਨ੍ਹ ਸਿੰਘ ਨਾਭਾ (ਭਾਈ), ਗੁਰੁ ਸ਼ਬਦ ਰਤਨਾਦਰ ਮਹਾਨ ਕੋਸ਼, ਪੰਨਾ1023।

16। ਜਬਰਜੰਗ ਸਿੰਘ, ਗੁਰਮਤਿ ਸੰਗੀਤ ,(ਰਬਾਬੀ)ਭਾਈ ਮਰਦਾਨਾ :ਸਮਾਜਕ ਵਿਗਿਆਨ ਪੱਤਰ (ਗੁਰਮਤਿ ਸੰਗੀਤ ਵਿਸ਼ੇਸ਼ ਅੰਕ), ਅੰਕ51-, ਪੰਨਾ.151

17। ਆਦਿ ਗ੍ਰੰਥ ਸਾਹਿਬ, ਰਾਮਕਲੀ ਦਖਣੀ.929-ਪੰਨਾ ,ਪਹਿਲਾ : ਮਹਲਾ ,

18। ਉਹੀਮਰਦਾਨਾ ,ਬਿਹਾਗੜਾ ,, ਪੰਨਾ1550-।

19। ਉਹੀ ।

20। ਵਾਰਾਂ ਭਾਈ ਗੁਰਦਾਸ ਵਾਰ ,ਯ 6ਵੀਂ, ਪਉੜੀ ਵੀਂ 12।

21। ਆਦਿ ਗ੍ਰੰਥ ਸਾਹਿਬ ਮਹਲਾ ,ਆਸਾ ,ਯ 5, ਪੰਨ੍381।

22। ਬਲਵੀਰ ਸਿੰਘ( ਡਾ।), ਗੁਰਮਤਿ ਪਰ ਹੁਣ ਤਕ ਮਿਲੀ ਖੋਜ (ਭਾਗਪਹਿਲਾ-), ਪੰਨਾ71-।